# "ਧਮਕ ਨਗਾਰੇ ਦੀ" ਨਾਟਕ ਬਾਰੇ

ਸਬਿੰਦਰਜੀਤ ਸਾਗਰ

ਅੰਮ੍ਰਿਤਸਰ ਸਕੂਲ ਆਫ ਡਰਾਮਾ ਨਵੀਂ ਬਣੀ ਸੰਸਥਾ ਹੈ, ਜਿਸ ਦੀ ਸਥਾਪਨਾ ਦੀ ਵਿਉਂਤ 1975 ਵਿਚ ਬਣਾਈ ਗਈ ਸੀ। ਇਸ ਦੀ ਸਥਾਪਨਾ 'ਉਸ ਵਾਸਤਵਿਕ ਤੇ ਸਿਹਤਮੰਦ ਨਾਟਕੀ ਸਰਗਰਮੀਆਂ ਦੇ ਖੱਪੇ ਨੂੰ ਪੂਰਨ' ਲਈ ਹੋਈ ਹੈ, ਜੋ 'ਰਾਜਸੀ ਅਤੇ ਸੱਭਿਆਚਾਰਕ ਸਰਗਰਮੀਆਂ ਉੱਤੇ ਲੱਗੀ ਪਾਬੰਦੀ ਤੋਂ ਪੈਦਾ ਹੋਈ' ਸੀ। ਇਸ ਦਾ ਮਕਸਦ ਨੌਜਵਾਨ ਕਲਾਕਾਰਾਂ ਦੀ ਯੋਗਤਾ ਲੱਭਣਾ, ਅਮੀਰ ਸੱਭਿਆਚਾਰਕ ਵਿਰਸੇ ਦੀ ਵਰਤੋਂ ਕਰਨੀ ਅਤੇ ਆਮ ਲੋਕਾਂ ਦੀ ਸੂਝ ਵਧਾਉਣ ਲਈ ਇਤਿਹਾਸ ਦੀ ਮੁੜ ਵਿਆਖਿਆ ਕਰਨੀ ਹੈ। ਇਸ ਸਿਲਸਿਲੇ ਵਿਚ ਅੰਮ੍ਰਿਤਸਰ ਵਿਚ ਨਾਟਕ-ਵਰਕਸ਼ਾਪ ਕਰਵਾਈ ਗਈ। ਨਾਟਕ-ਵਰਕਸ਼ਾਪ ਕਰਵਾਉਣ ਦਾ ਉਦੇਸ਼ ਪੰਜਾਬ ਦੀਆਂ ਵੱਖ-ਵੱਖ ਟੋਲੀਆਂ ਨੂੰ ਨਾਟਕ ਦੀ ਤਕਨੀਕ ਸਿਖਾਉਣਾ, ਉਨ੍ਹਾਂ ਨੂੰ ਨਾਟਕੀ ਪਰੰਪਰਾ ਤੋਂ ਜਾਣੂ ਕਰਵਾਉਣਾ ਅਤੇ ਅਜੋਕੀਆਂ ਭਾਰਤੀ ਨਾਟਕੀ ਸਰਗਰਮੀਆਂ ਤੋਂ ਵਾਕਫ਼ ਕਰਾਉਣਾ ਸੀ ਤਾਂ ਜੋ ਕੌਮੀ ਰੰਗਮੰਚ ਦੇ ਮੂਲ ਸੋਮੇ ਦਾ ਹਿੱਸਾ ਬਣਿਆ ਜਾ ਸਕੇ। ਪਰ ਇਸ ਉਦੇਸ਼ ਵਿਚ ਪੂਰੀ ਸਫ਼ਲਤਾ ਨਹੀਂ ਮਿਲ ਸਕੀ। ਪੰਜਾਬ ਦੀ ਕਿਸੇ ਟੋਲੀ ਨੇ ਇਸ ਵਿਚ ਹਿੱਸਾ ਨਹੀਂ ਲਿਆ। ਵਰਕਸ਼ਾਪ ਵਿਚ ਸ਼ਾਮਲ ਹੋਣ ਵਾਲੇ ਬਹੁਤੇ ਅੰਮ੍ਰਿਤਸਰ ਦੇ ਹੀ ਮੁੰਡੇ ਕੁੜੀਆਂ ਸਨ। ਲੱਗਭਗ 30 ਮੁੰਡੇ ਕੁੜੀਆਂ ਨੇ ਇਸ ਵਰਕਸ਼ਾਪ ਵਿਚ ਹਿੱਸਾ ਲਿਆ। ਇਨ੍ਹਾਂ ਨੂੰ ਰੰਗਮੰਚ ਦੀ ਤਕਨੀਕ ਸਿਖਲਾਈ ਗਈ ਤੇ ਅਭਿਨੈ ਦੀਆਂ ਵੱਖ-ਵੱਖ ਸ਼ੈਲੀਆਂ ਤੋਂ ਜਾਣੂ ਕਰਵਾਇਆ ਗਿਆ। "ਧਮਕ ਨਗਾਰੇ ਦੀ" ਨਾਟਕ ਦੀ ਰੂਪ-ਰੇਖਾ ਵੀ ਵਰਕਸ਼ਾਪ ਦੌਰਾਨ ਬਣਾਈ ਗਈ। ਵਿਸ਼ੇ ਬਾਰੇ ਬਹਿਸ ਹੁੰਦੀ, ਫੇਰ ਉਨ੍ਹਾਂ ਨੂੰ ਸੀਨਾਂ ਵਿਚ ਵੰਡਿਆ ਜਾਂਦਾ। ਇਸ ਨੂੰ ਲਿਖਣ ਦਾ ਕਾਰਜ ਸ. ਗੁਰਸ਼ਰਨ ਸਿੰਘ ਅਤੇ ਅਮਰਜੀਤ ਚੰਦਨ ਦਾ ਸੀ। ਕਈ ਵੇਰ ਸੀਨ ਨੂੰ ਲਿਖਣ ਤੋਂ ਪਹਿਲਾਂ ਸਟੇਜ 'ਤੇ ਖੇਡ ਕੇ ਵੀ ਵਿਖਾ ਦਿੱਤਾ ਜਾਂਦਾ ਤਾਂ ਜੋ ਨਾਟਕ ਲੇਖਕ ਸਟੇਜ ਦੇ ਸੰਕਲਪ ਨੂੰ ਸਾਹਮਣੇ ਰੱਖਣ। ਨਾਟਕ ਵਿਚਲੇ ਗੀਤਾਂ ਨੂੰ ਅਮਰਜੀਤ ਚੰਦਨ ਅਤੇ ਸ਼ਹਰਯਾਰ ਨੇ ਲਿਖਿਆ ਹੈ। ਕੁਝ ਹੋਰ ਗੀਤ ਜਿਹੜੇ ਨਾਟਕ ਵਿਚ ਸ਼ਾਮਿਲ ਕੀਤੇ ਗਏ, ਉਨ੍ਹਾਂ ਦੇ ਕਵੀ ਹਨ: ਸੋਹਣ ਸਿੰਘ ਸੀਤਲ, ਕਿਸ਼ਨ ਸਿੰਘ ਆਰਿਫ ਅਤੇ ਨਜ਼ਮ ਹੁਸੈਨ ਸੱਯਦ। ਇਨ੍ਹਾਂ ਗੀਤਾਂ ਨੂੰ ਸੰਗੀਤ ਵਿਚ ਢਾਲਿਆ ਪਰਮਜੀਤ ਸਿੰਘ ਨੇ।

"ਧਮਕ ਨਗਾਰੇ ਦੀ" ਨਾਟਕ ਦੇ ਪ੍ਰੋਡਿਊਸਰ ਸ. ਗੁਰਸ਼ਰਨ ਸਿੰਘ, ਪੰਜਾਬ ਦੇ ਪ੍ਰਸਿੱਧ ਪ੍ਰਤੀਬੱਧ ਮੰਚ ਕਾਮੇ ਹਨ ਅਤੇ ਇਸ ਨੂੰ ਡਾਇਰੈਕਟ ਕੀਤਾ ਹੈ ਸ਼੍ਰੀ ਬੰਸੀ ਕੌਲ ਨੇ। ਸ਼੍ਰੀ ਬੰਸੀ ਕੌਲ ਨੈਸ਼ਨਲ ਸਕੂਲ ਆਫ ਡਰਾਮਾ ਦੀ ਪੈਦਾਵਾਰ ਹਨ। ਉਨ੍ਹਾਂ ਨੇ ਆਪਣੀਆਂ ਸਰਗਰਮੀਆਂ ਨੂੰ ਇਲਾਕਾਈ ਨਾਟਕਾਂ ਨਾਲ ਜੋੜਿਆ ਹੈ। ਉਨ੍ਹਾਂ ਦੀ ਦਿਲਚਸਪੀ ਇਲਾਕਾਈ ਨਾਟਕ ਅਤੇ ਸੱਭਿਆਚਾਰ ਦੀ ਛਾਣ-ਬੀਣ ਕਰਨ ਵਿਚ ਹੈ। ਉਹ ਪ੍ਰਤੀਬੱਧ ਨਾਟਕ ਵਿਚ ਯਕੀਨ

ਰੱਖਦੇ ਹਨ, ਪਰ ਇਸ ਲਈ ਪਰੰਪਰਾਈ ਰੂਪਾਂ ਦੀ ਵਰਤੋਂ ਨੂੰ ਸਹੀ ਸਮਝਦੇ ਹਨ। ਉਨ੍ਹਾਂ ਅਨੁਸਾਰ ਇਸ ਨਾਲ ਜਨਤਕ ਨਾਟਕ ਦੀ ਨਵੇਕਲੀ ਹੋਂਦ ਬਣਦੀ ਹੈ ਅਤੇ ਇਸ ਨੂੰ ਅਮੀਰ ਕਰਦੀ ਹੈ। ਉਨ੍ਹਾਂ ਨੇ ਲੱਗਭਗ 50 ਨਾਟਕ ਨਿਰਦੇਸ਼ਿਤ ਕੀਤੇ ਹਨ। ਵੱਖ-ਵੱਖ ਸ਼ਹਿਰਾਂ ਅਤੇ ਨਿੱਕੇ ਸ਼ਹਿਰਾਂ ਦੇ ਸਥਾਨੀ ਕਲੱਬਾਂ ਨਾਲ ਸੋਲ੍ਹਾਂ ਨਾਟਕ-ਵਰਕਸ਼ਾਪਾਂ ਕੀਤੀਆਂ ਹਨ। ਉਹ ਸ਼੍ਰੀ ਬੀ.ਵੀ. ਕਾਰੰਥ ਦੀ ਕੌਮੀ ਇਨਾਮ ਜੇਤੂ ਕੰਨਡ ਫਿਲਮ 'ਰੋਮੰਨਅ ਦੂਦੀ' ਦੇ ਆਰਟ ਡਾਇਰੈਕਟਰ ਵੀ ਰਹੇ ਹਨ।

**ਧਮਕ ਨਗਾਰੇ ਦੀ** ਨਾਟਕ ਦੁੱਲੇ ਭੱਟੀ ਦੀ ਲੋਕ-ਕਥਾ 'ਤੇ ਆਧਾਰਿਤ ਹੈ। ਦੁੱਲਾ ਕਿਸਾਨ ਨਾਇਕ ਹੈ ਅਤੇ ਅਕਬਰਸ਼ਾਹੀ ਤੋਂ ਨਾਬਰ ਹੈ। ਉਹ ਲੁੱਟ-ਮਾਰ ਕਰਦਾ ਹੈ। ਨਾਟਕ ਵਿਚ ਦੁੱਲਾ ਕਿਸਾਨੀ ਦੇ ਹਿੱਤਾਂ ਲਈ ਲੜਦਾ ਹੈ। ਨਾਟਕ ਦੇ ਪਹਿਲੇ ਸੀਨ ਵਿਚ ਦੁੱਲੇ ਦੇ ਪਿਓ ਅਤੇ ਦਾਦੇ ਦੀਆਂ ਲੋਥਾਂ ਵਿਚ ਤੂੜੀ ਭਰ ਕੇ ਇਹ ਲੋਥਾਂ ਲਾਹੌਰ ਦੇ ਸਦਰ-ਦਰਵਾਜ਼ੇ ਉੱਤੇ ਟੰਗੀਆਂ ਹੋਈਆਂ ਦਿਖਾਈਆਂ ਗਈਆਂ ਹਨ ਅਤੇ ਉਨ੍ਹਾਂ ਦੀ ਨਾਬਰੀ ਤੇ ਸਜ਼ਾ ਦੀਆਂ ਗੱਲਾਂ ਨਾਲ ਦੁੱਲੇ ਦੇ ਵਿਰਸੇ ਨਾਲ ਵਾਕਫ਼ੀਅਤ ਕਰਵਾਈ ਗਈ ਹੈ। ਸ਼ੁਰੂ ਵਿਚ ਦੁੱਲੇ ਨੂੰ ਇਸ ਬਾਰੇ ਕੋਈ ਵਾਕਫ਼ੀਅਤ ਨਹੀਂ ਹੁੰਦੀ। ਪਿੰਡ ਦੇ ਸ਼ਰਾਰਤੀ ਮੁੰਡਿਆਂ ਵਾਂਗ ਉਹ ਬੇਫ਼ਿਕਰ ਹੈ। ਮਰਾਸਣ ਦੇ ਘੜੇ, ਤੀਰਾਂ ਨਾਲ ਤੋੜਨੇ ਉਸ ਦਾ ਕੰਮ ਹੈ। ਉਸ ਦਾ ਕੰਮ ਮੇਲਿਆਂ ਵਿਚ ਜਾਣਾ, ਨੱਚਣਾ ਖੇਡਣਾ, ਖਾਣਾ-ਪੀਣਾ ਹੈ। ਜਦੋਂ ਉਸ ਨੂੰ ਪਤਾ ਲੱਗਦਾ ਹੈ ਕਿ ਉਸ ਦੇ ਪਿਓ ਦਾਦੇ ਨੂੰ ਮੁਗਲਸ਼ਾਹੀ ਨੇ ਮਾਰ ਦਿੱਤਾ ਸੀ ਤਾਂ ਉਹ ਆਪਣੇ ਪਿਓ ਦਾਦੇ ਵਾਲਾ ਲੁੱਟ-ਮਾਰ ਦਾ ਰਾਹ ਅਪਣਾ ਲੈਂਦਾ ਹੈ। ਉਸ ਦੇ ਸ਼ਰੀਕ ਉਸ ਦੇ ਵਿਰੁੱਧ ਕਾਰਵਾਈ ਕਰਦੇ ਹਨ। ਉਹ ਉਧਰੋਂ ਲੰਘਣ ਵਾਲੇ ਸੂਬੇ ਜਾਂ ਵਪਾਰੀ ਨੂੰ ਲੁੱਟ ਲੈਂਦਾ ਹੈ। ਬਾਦਸ਼ਾਹ ਉਸ ਦੇ ਖ਼ਿਲਾਫ਼ ਕਾਰਵਾਈ ਕਰਨ ਲਈ ਅਲਾਉਦੀਨ ਨੂੰ ਭੇਜਦਾ ਹੈ। ਅਲਾਉਦੀਨ ਬਾਰ ਉੱਤੇ ਹਮਲਾ ਕਰ ਕੇ ਢਹਿ-ਢੇਰੀ ਕਰ ਦੇਂਦਾ ਹੈ। ਦੁੱਲਾ ਤੇ ਹੋਰ ਲੋਕ ਮੇਲੇ ਵਿਚ ਗਏ ਹੋਏ ਸਨ, ਪਰ ਦੁੱਲੇ ਦਾ ਪੁੱਤਰ ਨੂਰਾ ਬਹਾਦਰਾਂ ਵਾਂਗ ਲੜਦਾ ਹੋਇਆ ਫੜਿਆ ਜਾਂਦਾ ਹੈ। ਦੁੱਲੇ ਦੀ ਪਤਨੀ ਨੂਰਮਦੇ ਤੇ ਹੋਰ ਔਰਤਾਂ ਬਾਂਧਾ ਬਣਾ ਲਈਆਂ ਜਾਂਦੀਆਂ ਹਨ। ਪਿੰਡ ਦੇ ਕੁਝ ਲੋਕ ਦੁੱਲੇ ਕੋਲ ਮੇਲੇ ਵਿਚ ਪਹੁੰਚਦੇ ਹਨ ਅਤੇ ਬੜੇ ਰੋਹ ਭਰੇ ਸ਼ਬਦਾਂ ਵਿਚ ਉਸ ਨੂੰ ਬਾਰ ਉੱਤੇ ਆਈ ਔਕੜ ਬਾਰੇ ਦੱਸਦੇ ਹਨ। ਦੁੱਲਾ ਆਪਣੇ ਸਾਥੀਆਂ ਨੂੰ ਲੈ ਕੇ ਅਲਾਉਦੀਨ ਦੇ ਭਰਾ ਉੱਤੇ ਹਮਲਾ ਕਰਦਾ ਹੈ ਅਤੇ ਨੂਰੇ ਨੂੰ ਛੁਡਾ ਲੈਂਦਾ ਹੈ। ਨੂਰਮਦੇ ਨੂੰ ਅਲਾਉਦੀਨ ਲੈ ਗਿਆ ਹੋਇਆ ਸੀ। ਦੁੱਲਾ ਜਦੋਂ ਪਿੰਡ ਵਿਚ ਆਉਂਦਾ ਹੈ ਤਾਂ ਲੋਕ ਉਸ ਨਾਲ ਨਾਰਾਜ਼ ਹੁੰਦੇ ਹਨ। ਉਨ੍ਹਾਂ ਨੂੰ ਗੁੱਸਾ ਹੈ ਕਿ ਦੁੱਲਾ ਸਾਰੀਆਂ ਮੁਸ਼ਕਲਾਂ ਨੂੰ ਗੰਭੀਰਤਾ ਨਾਲ ਨਹੀਂ ਸੋਚਦਾ ਅਤੇ ਵਿਅਕਤੀਗਤ ਤੌਰ ਉੱਤੇ ਲੁੱਟ-ਮਾਰ ਕਰਦਾ ਹੈ। ਪਿੰਡ ਦੀ ਸੱਥ ਵਿਚ ਬਹਿਸ ਹੁੰਦੀ ਹੈ ਜਿਸ ਵਿਚ ਪਿੰਡ ਵਾਲੇ ਉਸ ਨੂੰ ਸਮਝਾਉਂਦੇ ਹਨ ਕਿ ਲੜਾਈ ਉਸ ਦੇ ਅਤੇ ਲਾਹੌਰ ਦੇ ਦਰਮਿਆਨ ਨਹੀਂ, ਸਗੋਂ ਬਾਰ ਦੇ ਲੋਕਾਂ ਅਤੇ ਅਕਬਰਸ਼ਾਹੀ ਦੇ ਦਰਮਿਆਨ ਹੈ। ਇਸ ਸਿਲਸਿਲੇ ਵਿਚ ਬਾਂਧਾ ਬਣਾ ਲੈਣ ਵਾਲੀ ਗੱਲ ਉੱਤੇ ਬਦਲਾ ਲੈਣ ਦੀ ਭਾਵਨਾ ਉੱਭਰਦੀ ਹੈ ਤਾਂ ਦੁੱਲੇ ਦੀ ਮਾਂ ਲੱਧੀ ਇਸ ਦਾ ਵਿਰੋਧ ਕਰਦੀ ਹੈ ਕਿ ਸੰਘਰਸ਼ ਦਾ ਮਤਲਬ ਕੇਵਲ ਔਰਤਾਂ ਦਾ ਬਦਲਾ ਲੈਣਾ ਨਹੀਂ ਹੁੰਦਾ। ਉਸ ਵੇਲੇ ਇਕ ਮਿਰਾਸੀ ਨੂਰਮਦੇ ਦਾ ਰੁੱਕਾ ਲੈ ਕੇ ਆਉਂਦਾ ਹੈ, ਜਿਸ ਵਿਚ ਲਿਖਿਆ ਹੁੰਦਾ ਹੈ ਕਿ ਨੂਰਮਦੇ ਨੇ ਅਲਾਉਦੀਨ ਨੂੰ ਕਤਲ ਕਰ ਦਿੱਤਾ ਹੈ ਅਤੇ ਉਸ ਦਾ ਭਰਾ ਹੁਣ ਉਸ ਦਾ

ਬਦਲਾ ਲੈਣ ਲਈ ਬਾਰ 'ਤੇ ਹਮਲਾ ਕਰ ਰਿਹਾ ਹੈ।

ਬਾਰ ਦੇ ਕਿਰਸਾਨ ਤੇ ਹੋਰ ਲੋਕ ਲੜਾਈ ਲਈ ਤਿਆਰੀ ਕਰਨ ਲੱਗ ਪੈਂਦੇ ਹਨ। ਲੜਾਈ ਵਿਚ ਦੁੱਲਾ ਫੜ ਲਿਆ ਜਾਂਦਾ ਹੈ। ਉਸ ਨੂੰ ਦਿੱਲੀ ਅਕਬਰ ਬਾਦਸ਼ਾਹ ਸਾਹਮਣੇ ਪੇਸ਼ ਕੀਤਾ ਜਾਂਦਾ ਹੈ। ਬਾਦਸ਼ਾਹ ਅਤੇ ਉਸ ਦੇ ਦਰਮਿਆਨ ਸੁਆਲ-ਜੁਆਬ ਹੁੰਦੇ ਹਨ ਜਿਸ ਵਿਚ ਬਾਦਸ਼ਾਹ ਉਸ ਨੂੰ ਆਪਣੇ ਦਰਬਾਰ ਨਾਲ ਜੋੜਨਾ ਚਾਹੁੰਦਾ ਹੈ, ਪਰ ਉਹ ਠੁਕਰਾ ਦੇਂਦਾ ਹੈ। ਉਸ ਦੇ ਅਹਿਲਕਾਰ ਬਾਦਸ਼ਾਹ ਨੂੰ ਰਿਆਇਆ ਦੇ ਪਿਓ ਦੇ ਰੂਪ ਪੇਸ਼ ਕਰਦੇ ਹਨ। ਉਹ ਉਸ ਨੂੰ ਧਰਮ ਦਾ ਵਿਰੋਧੀ ਕਰਾਰ ਦੇਂਦੇ ਹਨ। ਉਹ ਆਪਣੇ ਆਪ ਨੂੰ ਰਿਆਇਆ ਨਹੀਂ ਮੰਨਦਾ। ਉਸ ਦੇ ਅਨੁਸਾਰ ਉਨ੍ਹਾਂ ਦਾ ਰੱਬ ਅਤੇ ਉਸ ਦਾ ਰੱਬ ਵੱਖਰਾ ਹੈ। ਗੁੱਸੇ ਵਿਚ ਬਾਦਸ਼ਾਹ ਦੁੱਲੇ ਨੂੰ ਮਾਰ ਦੇਂਦਾ ਹੈ।

ਦੁੱਲੇ ਦੇ ਨਾਲ ਬਾਰ ਦੇ ਲੋਕਾਂ ਦਾ ਸੰਘਰਸ਼ ਖ਼ਤਮ ਨਹੀਂ ਹੁੰਦਾ। ਦੁੱਲੇ ਦਾ ਪੁੱਤਰ ਨੂਰਾ ਇਸ ਸੰਘਰਸ਼ ਨੂੰ ਭਵਿੱਖ ਵਿਚ ਜਾਰੀ ਰੱਖਣ ਲਈ ਹਥਿਆਰ ਚੁੱਕ ਲੈਂਦਾ ਹੈ।

ਨਾਟਕ ਵਿਚ ਆਏ ਗੀਤ ਵੱਖਰੀ-ਵੱਖਰੀ ਪਹੁੰਚ ਅਤੇ ਵਿਸ਼ੇ ਦੇ ਹਨ। ਆਰਿਫ ਦਾ ਪਹਿਲਾ ਗੀਤ ਉਸਦੇ ਦੁੱਲਾ ਭੱਟੀ ਦੇ ਕਿੱਸੇ ਵਿਚੋਂ ਲਿਆ ਗਿਆ ਹੈ ਅਤੇ ਦੁੱਲੇ ਦੀ ਕਹਾਣੀ ਦਾ ਸੰਖੇਪ ਵਿਵਰਣ ਦੇਂਦਾ ਹੈ। ਇਹ ਨਾਟਕ ਦੀ ਪ੍ਰਸਤਾਵਨਾ ਦੇ ਰੂਪ ਵਿਚ ਵਰਤਿਆ ਗਿਆ ਹੈ। ਇਸ ਦੇ ਵਰਣਨਾਤਮਕ ਤੱਤ ਨਾਲ ਮਿਲਦੇ ਕੁਝ ਗੀਤ ਸ਼ਹਰਯਾਰ ਦੇ ਵੀ ਹਨ, ਪਰ ਉਨ੍ਹਾਂ ਵਿਚ ਜਿਥੇ ਸੁਰ ਲੋਕ-ਗੀਤਾਂ ਦਾ ਝੌਲਾ ਪਾਉਂਦੀ ਹੈ, ਉੱਥੇ ਉਸ ਦੇ ਵਿਸ਼ੇ ਵਿਚ ਕੁਝ ਗਹਿਰਾਈ ਅਤੇ ਸਥਿਤੀ ਬਾਰੇ ਅਜੋਕੀ ਪਹੁੰਚ ਬਿੰਬਾਤਮਕ ਰੂਪ ਵਿਚ ਮਿਲਦੀ ਹੈ। ਚੰਦਨ ਦਾ ਇਕ ਗੀਤ 'ਕਿਸ ਸੂਰਜ ਲੰਘਾਰਿਆ, ਸਿਖਰ ਦੁਪਹਿਰੇ' ਕਾਫੀ ਚੰਗਾ ਹੈ। ਇਨ੍ਹਾਂ ਗੀਤਾਂ ਦਾ ਕੰਮ ਨਾਟਕ ਨੂੰ ਅਗਾਂਹ ਤੋਰਨਾ, ਕਿਸੇ ਘਟਨਾ ਨੂੰ ਬਿਆਨ ਕਰ ਕੇ ਉਸ ਵਿਚ ਡੂੰਘੇ ਉਤਰਨਾ ਅਤੇ ਸ਼ਾਇਦ ਕੁਝ ਹੱਦ ਤੱਕ ਨਾਟਕ ਦੇ ਭਾਵਨਾਤਮਕ ਵਹਿਣ ਨੂੰ ਰੋਕਣ ਦਾ ਹੈ। ਗੀਤਾਂ ਦੀਆਂ ਲੈਆਂ ਸਾਧਾਰਨ ਤੇ ਆਮ ਹੀ ਹਨ। ਸਭ ਤੋਂ ਵਧੀਆ ਲੈਅ ਸੱਯਦ ਦੇ ਗੀਤ 'ਅੱਕ ਦਾ ਦੁੱਧ ਪਿਆ ਸੱਜਣ, ਸਾਨੂੰ ਅੱਕ ਦਾ ਦੁੱਧ ਪਿਲਾ' ਦੀ ਹੈ। ਨਾਟਕ ਵਿਚ ਦੱਖਣ ਭਾਰਤੀ ਲੋਕ ਧੁਨ 'ਆਈ...ਹੋ' ਦੀ ਵਰਤੋਂ ਬੜੀ ਵਧੀਆ ਤੇ ਮਾਰਮਿਕ ਹੋਈ ਹੈ।

ਨਾਟਕ ਦਾ ਸੈੱਟ ਕਾਫੀ ਪ੍ਰਭਾਵਸ਼ਾਲੀ ਹੈ। ਇਸ ਦੇ ਸੱਜੇ ਪਾਸੇ ਝੁੱਗੀ ਬਣੀ ਹੋਈ ਹੈ। ਉਸ ਦੇ ਨਾਲ-ਨਾਲ ਸੱਜੇ ਪਾਸੇ ਉੱਚਾ ਥੜ੍ਹਾ, ਖੱਬੇ ਪਾਸੇ ਲਾਹੌਰ ਗੇਟ, ਉੱਥੋਂ ਝੁੱਗੀ ਤੱਕ ਕਾਨਿਆਂ ਦੀ ਵਾੜ ਹੈ। ਖੱਬੇ ਪਾਸੇ ਮੂਹਰੇ ਭੌਂਅ 'ਤੇ ਉੱਚਾ ਥੜ੍ਹਾ ਹੈ, ਜੋ ਕਦੀ ਪਿੰਡ ਦੀ ਸੱਥ ਬਣ ਜਾਂਦਾ ਹੈ ਕਦੀ ਮਦਰੱਸਾ ਅਤੇ ਕਦੀ ਉਹ ਦੁੱਲੇ ਦੇ ਘਰ ਦਾ ਵਿਹੜਾ। ਝੁੱਗੀ ਦੇ ਸਾਹਵੇਂ ਸੁੱਕਿਆ ਹੋਇਆ ਇਕ ਰੁੱਖ, ਉੱਤੇ ਤੌੜੀ ਟੰਗੀ ਹੋਈ ਹੈ। ਸਟੇਜ ਦੇ ਸੱਜੇ ਪਾਸੇ ਵਾਧੇ ਉਤੇ ਸੰਗੀਤਕਾਰ ਅਤੇ ਉਸ ਦੇ ਸਾਜ਼ਿੰਦੇ ਬੈਠਦੇ ਹਨ। ਸਟੇਜ ਥੋੜ੍ਹੀ ਜਿਹੀ ਤਬਦੀਲੀ ਨਾਲ ਕਦੀ ਲਾਹੌਰ ਗੇਟ, ਦੁੱਲੇ ਦਾ ਘਰ, ਪਿੰਡ ਦੀ ਸੱਥ, ਮਦਰੱਸਾ, ਬਾਰ ਦਾ ਦੂਸਰਾ ਇਲਾਕਾ ਅਤੇ ਕਦੇ ਅਕਬਰ ਦਾ ਦਰਬਾਰ ਬਣ ਜਾਂਦੀ ਹੈ। ਸਟੇਜ ਦੀ ਇਹ ਤਬਦੀਲੀ ਕੋਰਸ ਦੇ ਵੇਲੇ ਕੀਤੀ ਜਾਂਦੀ ਹੈ। ਦਰਅਸਲ ਕੋਰਸ ਦੀ ਵਰਤੋਂ ਪਰਦੇ ਵਜੋਂ ਕੀਤੀ ਗਈ ਹੈ। ਇਸ ਰੂਪ ਵਿਚ ਖੇਸ ਦੀ ਵੀ ਵਰਤੋਂ ਮੇਲੇ ਵਾਲੇ ਸੀਨ ਵਿਚ ਕੀਤੀ ਹੋਈ ਹੈ। ਲਾਈਟਸ ਦੀ ਸੈਟਿੰਗ ਕਾਫ਼ੀ ਚੰਗੀ ਅਤੇ ਪ੍ਰਭਾਵਸ਼ਾਲੀ ਹੈ। ਪਰ ਇਸ ਨੂੰ ਹੋਰ ਵੀ ਚੰਗਾ ਬਣਾਇਆ ਜਾ ਸਕਦਾ ਹੈ; ਜਿਵੇਂ ਅੰਤ ਵਿਚ ਬਾਰ ਦੇ ਲੋਕਾਂ ਦੇ ਇਕੱਠ ਨੂੰ ਹੋਰ ਜ਼ਿਆਦਾ ਦਰਸਾਉਣ ਲਈ ਪ੍ਰਕਾਸ਼ ਮੂਹਰਲੇ ਬੰਦਿਆਂ 'ਤੇ

ਕਿਨਾਰਿਆਂ ਤੋਂ ਪਾ ਕੇ ਪਿਛਲੇ ਬੰਦਿਆਂ ਨੂੰ ਹਨ੍ਹੇਰੇ ਵਿਚ ਵਿਖਾਇਆ ਜਾ ਸਕਦਾ ਹੈ।

ਸਟੇਜ ਉੱਤੇ ਪਾਤਰਾਂ ਨੂੰ ਥਾਂ ਸਿਰ ਖੜ੍ਹਾ ਕੀਤਾ ਗਿਆ ਹੈ, ਇਸ ਨਾਲ ਸਟੇਜ ਦੀ ਸਮੱਗ੍ਰਤਾ ਅਤੇ ਸੰਤੁਲਨ ਕਾਇਮ ਰਹਿੰਦਾ ਹੈ ਅਤੇ ਨਾਟਕ ਦੇ ਵਿਸ਼ੇ ਨੂੰ ਪ੍ਰਭਾਵਸ਼ਾਲੀ ਬਣਾਉਣ ਵਿਚ ਮਦਦਗਾਰ ਸਾਬਿਤ ਹੁੰਦਾ ਹੈ। ਪਰ ਪਾਤਰਾਂ ਦੀ ਹਲਚਲ ਨਾ ਤਾਂ ਕਿਸੇ ਇਕਸੁਰਤਾ ਨਾਲ ਬੱਝੀ ਹੋਈ ਹੈ ਅਤੇ ਨਾ ਹੀ ਨਾਟਕ ਦੀ ਟੱਕਰ ਨੂੰ ਪ੍ਰਭਾਵਸ਼ਾਲੀ ਬਣਾਉਣ ਵਿਚ ਮਦਦ ਦੇਂਦੀ ਹੈ।

ਵਿਸ਼ੇ ਦੇ ਪੱਖੋਂ ਨਾਟਕ ਵਿਚ ਟੱਕਰ ਦੀ ਘਾਟ ਹੈ। ਇਹੋ ਕਾਰਨ ਹੈ ਕਿ ਉਨ੍ਹਾਂ ਦੇ ਵਾਰਤਾਲਾਪ ਵਿਚ ਸਾਂਝ ਨਹੀਂ ਬਣਦੀ। ਕਈ ਥਾਵਾਂ ਉੱਤੇ ਵਾਰਤਾਲਾਪ ਵਾਲੇ ਪਾਤਰਾਂ ਦੀ ਸ਼ਖ਼ਸੀਅਤ ਨਹੀਂ ਉੱਭਰਦੀ ਅਤੇ ਜਾਪਦਾ ਹੈ ਕਿ ਜੇ ਕੋਈ ਹੋਰ ਵੀ ਇਹ ਵਾਰਤਾਲਾਪ ਬੋਲੇ ਤਾਂ ਕੋਈ ਫਰਕ ਪੈਣ ਵਾਲਾ ਨਹੀਂ। ਵਿਅੰਗ ਬੜਾ ਪੇਤਲਾ ਤੇ ਘੱਟ ਹੈ ਅਤੇ ਹਾਸਾ ਪੈਦਾ ਕਰਨ ਲਈ ਵਾਰਤਾਲਾਪ ਦਾ ਦੁਹਰਾਉ ਕੀਤਾ ਗਿਆ ਹੈ। ਦਰਅਸਲ ਸਾਰਾ ਨਾਟਕ ਵੰਨਸੁਵੰਨੀਆਂ ਝਾਕੀਆਂ ਦੀ ਲੜੀ ਪ੍ਰਤੀਤ ਹੁੰਦਾ ਹੈ। ਪਰ ਝਾਕੀਆਂ ਦੀ ਲੜੀ ਹੋਣਾ ਕਿਸੇ ਨਾਟਕ ਲਈ ਮਾੜੀ ਗੱਲ ਨਹੀਂ। ਸਾਰੇ ਨਾਟਕ ਵਿਚ ਸਪਸ਼ਟੀਕਰਨ ਦਾ ਤੱਤ ਮੁੱਖ ਰੂਪ ਵਿਚ ਉਭਰਦਾ ਹੈ, ਜੋ ਕਿਸੇ ਹੱਦ ਤੱਕ ਨਾਟਕ ਦੇ ਵਿਸ਼ੇ ਦੀ ਕਮਜ਼ੋਰੀ ਵੱਲ ਸੰਕੇਤ ਕਰਦਾ ਹੈ।

ਨਾਟਕ ਵਿਚ ਕੁਝ ਗੱਲਾਂ ਵੱਲ ਖਾਸ ਤੌਰ ਉੱਤੇ ਧਿਆਨ ਜਾਂਦਾ ਹੈ। ਪ੍ਰਸਤਾਵਨਾ ਤੋਂ ਮਗਰੋਂ ਮੁਗਲਾਂ ਦੇ ਮੂੰਹੋਂ ਦੁੱਲੇ ਦੇ ਪਿਉ ਦਾਦੇ ਨਾਲ ਬੀਤੀ ਘਟਨਾ ਅਤੇ ਮੁਗ਼ਲ ਸਲਤਨਤ ਦੇ ਖਾਸੇ ਵੱਲ ਸੰਕੇਤ ਕੀਤਾ ਗਿਆ ਹੈ। ਭਾਵੇਂ ਇਹ ਪੂਰੀ ਤਰ੍ਹਾਂ ਸਪਸ਼ਟ ਅਤੇ ਵਿਸ਼ਲੇਸ਼ਣ ਭਰਪੂਰ ਨਹੀਂ, ਫੇਰ ਵੀ ਇਹ ਸਥਿਤੀ ਦੇ ਆਧਾਰ ਦੇ ਰੂਪ ਵਿਚ ਪ੍ਰਗਟ ਹੁੰਦਾ ਹੈ ਅਤੇ ਦਰਸ਼ਕ ਨੂੰ ਵੱਖ-ਵੱਖ ਕਿਆਸ ਕਰਨ ਲਈ ਪ੍ਰੇਰਦਾ ਹੈ। ਇਸੇ ਤਰ੍ਹਾਂ ਨਾਟਕ ਦੇ ਅੰਤ ਵਿਚ ਜਦੋਂ ਨੂਰੇ ਦੀ ਅਗਵਾਈ ਵਿਚ ਬਾਰ ਦੇ ਲੋਕ ਉਠਦੇ ਹਨ ਤਾਂ ਕੋਰਸ ਗਾਉਂਦਿਆਂ ਅਗਲੀ ਕਤਾਰ ਪਿੱਛੇ ਚਲੀ ਜਾਂਦੀ ਹੈ ਅਤੇ ਬਾਕੀ ਕਤਾਰਾਂ ਅਗਾਂਹ ਵਧਦੀਆਂ ਹਨ। ਇਸ ਤਰ੍ਹਾਂ ਤਿੰਨ ਕਤਾਰਾਂ ਨਾਲ ਹੀ ਬਾਰ ਦੇ ਲੋਕਾਂ ਦੀ ਵੱਡੀ ਤਾਦਾਦ ਦਾ ਅਹਿਸਾਸ ਪੈਦਾ ਕੀਤਾ ਗਿਆ ਹੈ। ਕਈ ਕੋਰਸਾਂ ਵਿਚ ਮੁਗ਼ਲ ਅਤੇ ਪਿੰਡ ਦੇ ਬੰਦੇ ਸ਼ਾਮਿਲ ਕਰਕੇ ਇਹ ਅਹਿਸਾਸ ਦਰਸ਼ਕਾਂ ਦੇ ਮਨਾਂ ਵਿਚ ਪੈਦਾ ਕੀਤਾ ਗਿਆ ਹੈ ਕਿ ਨਾਟਕ ਖੇਡਣ ਵਾਲੇ ਕਲਾਕਾਰ ਉਨ੍ਹਾਂ ਵਿਚੋਂ ਹੀ ਹਨ।

ਨਾਟਕ ਪੰਜਾਬੀ ਸਭਿਆਚਾਰਕ ਜੀਵਨ ਦੀ ਝਾਕੀ ਪੇਸ਼ ਕਰਨ ਵਿਚ ਸਫਲ ਹੋਇਆ ਹੈ। ਪਰ ਸਭਿਆਚਾਰਕ ਤੱਤਾਂ ਅਤੇ ਲੋਕ-ਵਿਰਸੇ ਨੂੰ ਵਰਤੋਂ ਵਿਚ ਲਿਆਉਣ ਦਾ ਇਕ ਖ਼ਤਰਾ ਵੀ ਹੈ। ਇਸ ਨਾਲ ਤਤਕਾਲੀਨ ਰਵੱਈਆ, ਜੋ ਅਨਿੱਖੜਵੇਂ ਰੂਪ ਵਿਚ ਹੁੰਦਾ ਹੈ, ਆ ਜਾਂਦਾ ਹੈ। ਮੱਧਕਾਲੀ ਰਵੱਈਆ ਭਾਵੁਕਤਾ ਭਰਿਆ ਅਤੇ ਰੂਮਾਨੀ ਹੈ। ਇਸ ਖ਼ਤਰੇ ਤੋਂ ਬਚਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਜਿਵੇਂ ਬ੍ਰੈਖ਼ਤ ਆਪਣੇ ਐਪਿਕ ਥੀਏਟਰ ਵਿਚ ਗਾਣਿਆਂ ਅਤੇ ਬੈਨਰਜ਼ ਆਦਿ ਦੀ ਮਦਦ ਨਾਲ ਭਾਵਨਾ ਦੇ ਵਹਿਣ ਤੋਂ ਦਰਸ਼ਕਾਂ ਨੂੰ ਬਚਾਉਂਦਾ ਹੈ ਤਾਂ ਜੋ ਉਹ ਕੁਝ ਸੋਚ ਸਕਣ। ਸਾਨੂੰ ਵੀ ਅਜਿਹਾ ਕੁਝ ਕਰਨ ਬਾਰੇ ਸੋਚਣਾ ਜ਼ਰੂਰੀ ਹੈ।

ਕੁਝ ਸਮੱਸਿਆਵਾਂ ਇਤਿਹਾਸ ਦੀ ਮੁੜ-ਵਿਆਖਿਆ ਨਾਲ ਸੰਬੰਧਿਤ ਹਨ, ਜੋ ਸਿਧਾਂਤਕ ਤੌਰ ਉੱਤੇ ਨਾਟਕ ਨੂੰ ਪੇਤਲਾ ਕਰਦੀਆਂ ਹਨ। ਪਹਿਲੀ ਦਾ ਸੰਬੰਧ ਵਿਸ਼ੇ ਦੇ ਤੱਥਾਂ ਨਾਲ

ਆਏ ਤਤਕਾਲੀ ਕੀਮਤਾਂ ਦੇ ਸਾਈਕੀ ਹਨ ਜੋ ਅਚੇਤ ਰੂਪ ਵਿਚ ਮੁੜ-ਵਿਆਖਿਆ ਵਿਚ ਵਿਰੋਧ ਪੈਦਾ ਕਰਕੇ ਵਿਚਾਰਧਾਰਾ ਨੂੰ ਧੁੰਧਲਾਉਂਦੇ ਹਨ। **ਧਮਕ ਨਗਾਰੇ ਦੀ** ਵਿਚ ਇਕ ਕਥਨ ਆਉਂਦਾ ਹੈ ਕਿ 'ਬੋਲੀ ਸੂਰਮੇ ਨੂੰ ਹੁੰਦੀ ਹੈ, ਸੀਦੀ ਮੂਜ਼ੀ ਨੂੰ ਨਹੀਂ।' ਦੁੱਲੇ ਭੱਟੀ ਦੀ ਵਾਰ ਵਿਚ ਵੀ ਇਸ ਉੱਤੇ ਜ਼ੋਰ ਦਿੱਤਾ ਗਿਆ ਹੈ। ਇਹ ਸੰਕਲਪ ਮੱਧਕਾਲੀ ਸਾਈਕੀ ਦਾ ਨਮੂਨਾ ਹੈ, ਜੋ ਨਾਕਾਰਾਤਮਕ ਕੀਮਤ ਰੱਖਦੀ ਹੈ।

ਇਸ ਦੇ ਉਲਟ ਦੂਸਰੀ ਸਮੱਸਿਆ ਹੈ, ਲੇਖਕ ਦੇ ਸਿਧਾਂਤਕ ਪਿਛੋਕੜ ਦੇ ਸਰੂਪ ਅਤੇ ਸੀਮਾਵਾਂ ਦੀ। ਭੂਤਕਾਲ ਦੀ ਸਮਝ ਇਨ੍ਹਾਂ ਦੇ ਅਨੁਰੂਪ ਹੀ ਹੁੰਦੀ ਹੈ। ਇਸ ਗੱਲ ਕਰਕੇ ਹੀ ਨਾਟਕ ਵਿਚ ਕੁਝ ਵੱਖਰੇ-ਵੱਖਰੇ ਟੁਕੜੇ ਜਾਪਦੇ ਹਨ, ਜੋ ਦੋ ਲੇਖਕਾਂ ਦੀ ਅੱਡ-ਅੱਡ ਸਮਝ ਦਾ ਨਤੀਜਾ ਲੱਗਦੇ ਹਨ। ਨਾਟਕ ਵਿਚ ਵਿਸ਼ੇਸ਼ ਪ੍ਰਕਾਰ ਦੀ ਅਮੂਰਤ ਆਸ਼ਾਵਾਦੀ ਸੁਰ ਉੱਭਰਦੀ ਹੈ ਜੋ ਵਿਚਾਰਧਾਰਕ ਅਮੂਰਤਾਂ ਨੂੰ ਪ੍ਰਗਟਾਉਂਦੀ ਹੈ। ਨਾਟਕ ਵਿਚ ਜਦੋਂ ਦੁੱਲਾ ਬਾਂਧਾ ਛੁਡਾ ਲਿਆਉਂਦਾ ਹੈ ਅਤੇ ਪਿੰਡ ਦੀ ਸੱਥ ਵਿਚ ਇਹ ਨੁਕਤਾ ਉਠਦਾ ਹੈ ਕਿ ਹੁਣ ਲੜਾਈ ਦੁੱਲੇ ਦੀ ਵਿਅਕਤੀਗਤ ਨਹੀਂ ਸਗੋਂ ਦੋ ਜਮਾਤਾਂ ਦੇ ਦਰਮਿਆਨ ਹੈ ਤਾਂ ਦੁੱਲਾ ਸ਼ੰਕਾ ਪ੍ਰਗਟ ਕਰਦਾ ਹੈ ਕਿ ਬਾਰ ਦੇ ਥੋੜ੍ਹੇ ਜਿਹੇ ਲੋਕ ਮੁਗ਼ਲਾਂ ਦੇ ਲਸ਼ਕਰ ਦਾ ਕਿਵੇਂ ਮੁਕਾਬਲਾ ਕਰਨਗੇ? ਤਾਂ ਪਿੰਡ ਦਾ ਬਜ਼ੁਰਗ ਕਹਿੰਦਾ ਹੈ, "ਜਦੋਂ ਅਸੀਂ ਲੜਾਂਗੇ ਤਾਂ ਸਾਰੀ ਲੋਕਾਈ ਸਾਡੇ ਨਾਲ ਹੋਵੇਗੀ।" ਪਰ ਨਾਟਕ ਵਿਚ ਪਹਿਲਾਂ ਲੋਕਾਈ ਨੂੰ ਨਾਲ ਜੁੜਦਿਆਂ ਨਹੀਂ ਵਿਖਾਇਆ ਜਾਂਦਾ ਹੈ।

ਇਸ ਲਈ ਬਾਅਦ ਵਿਚ ਜੁੜਨ ਦੀ ਗੱਲ ਮਹਿਜ਼ ਖ਼ੁਸ਼ਫਹਿਮੀ ਹੈ। ਲੱਗਦਾ ਹੈ ਕਿ ਅਚੇਤ ਰੂਪ ਵਿਚ ਇਸ ਦਾ ਸੰਬੰਧ ਨਕਸਲਬਾੜੀ ਜੱਦੋਜਹਿਦ ਨਾਲ ਹੈ। ਨਕਸਲਬਾੜੀ ਜੱਦੋਜਹਿਦ ਦੀ ਅਸਫ਼ਲਤਾ ਅਤੇ ਕਈ ਗਰੁੱਪਾਂ ਵਿਚ ਵੰਡੇ ਜਾਣ ਦੀ ਨਿਰਾਸ਼ਾ ਵਿਚੋਂ ਹੀ ਅਜੇਹੀ ਆਸ ਉਭਰੀ ਹੈ। ਨਾਟਕ ਵਿਚ ਦੁੱਲੇ ਦੇ ਵਿਅਕਤੀਗਤ ਕਾਰਨਾਮਿਆਂ 'ਤੇ ਸੱਟ ਵੀ ਨਕਸਲਬਾੜੀ ਘੋਲ ਦੇ ਐਡਵੈਂਚਰਿਜ਼ਮ ਉੱਤੇ ਸੱਟ ਹੈ। ਪਰ ਇਸ ਵਿਸ਼ੇ ਬਾਰੇ ਕੁਝ ਹੋਰ ਗੰਭੀਰਤਾ ਨਾਲ ਵਿਚਾਰ ਕਰਨ ਦੀ ਲੋੜ ਹੈ।

**ਧਮਕ ਨਗਾਰੇ ਦੀ** ਕਿਰਸਾਨੀ ਦੀ ਸਮੱਸਿਆ ਬਾਰੇ ਪਹਿਲਾ ਪੰਜਾਬੀ ਨਾਟਕ ਹੈ। ਕਿਰਸਾਨੀ ਦੀ ਸਮੱਸਿਆ ਬਾਰੇ ਸਾਂਝੀ ਕਮਿਊਨਿਸਟ ਪਾਰਟੀ ਦੇ ਡਰਾਮਾ ਵਿੰਗ ਨੇ ਵੀ ਕੁਝ ਨਾਟਕ ਖੇਡੇ ਸਨ, ਪਰ ਉਹ ਮੰਚਕਾਰੀ ਅਤੇ ਅਦਾਕਾਰੀ ਦੇ ਪੱਖੋਂ ਬੜੇ ਕਮਜ਼ੋਰ ਸਨ। ਦਰਅਸਲ ਕਿਰਸਾਨੀ ਦੀ ਸਮੱਸਿਆ ਬਾਰੇ ਪੰਜਾਬੀ ਵਿਚ ਖੇਡੇ ਗਏ ਦੋ ਨਾਟਕ ਉਲੇਖਯੋਗ ਹਨ। ਪਹਿਲਾ ਬ੍ਰੈਖ਼ਤ ਦੇ ਨਾਟਕ ਚਾਕ ਸਰਕਲ ਦਾ ਪੰਜਾਬੀ ਰੂਪ **ਪਰਾਈ ਕੁੱਖ** ਅਤੇ ਦੂਸਰਾ **ਧਮਕ ਨਗਾਰੇ ਦੀ**। ਦਿਲਚਸਪ ਗੱਲ ਇਹ ਹੈ ਕਿ ਦੋਨਾਂ ਨਾਟਕਾਂ ਦੇ ਡਾਇਰੈਕਟਰ (ਪਰਾਈ ਕੁੱਖ ਨੂੰ ਸ੍ਰੀ ਐਮ.ਕੇ. ਰੈਣਾ ਨੇ ਡਾਇਰੈਕਟ ਕੀਤਾ ਸੀ) ਕਸ਼ਮੀਰ ਦੇ ਰਹਿਣ ਵਾਲੇ ਗ਼ੈਰ-ਪੰਜਾਬੀ ਹਨ। ਨਾਟਕ ਵਿਚ ਅਦਾਕਾਰੀ ਦੇ ਪੱਖੋਂ ਕੁਝ ਨਾਂ ਉੱਲੇਖਯੋਗ ਹਨ: ਵੇਦ ਸ਼ਰਮਾ (ਦੁੱਲਾ), ਨਵਸ਼ਰਨ (ਲੱਧੀ), ਅਮਰਜੀਤ (ਮਿਰਾਸੀ ਤੇ ਕੋਰਸ), ਜਸਲੀਨ (ਨੰਦੀ), ਵਰਨਜੀਤ ਕਮਲ (ਅਲਾਉਦੀਨ) ਅਤੇ ਕ੍ਰਿਸ਼ਨ ਦਵੇਸਰ (ਮੁਗ਼ਲ ਸਿਪਾਹੀ) ਆਦਿ। ਸੰਖੇਪ ਵਿਚ, **ਧਮਕ ਨਗਾਰੇ ਦੀ** ਨਾਟਕ ਪੰਜਾਬੀ ਰੰਗਮੰਚ ਦੇ ਖੇਤਰ ਵਿਚ ਇਕ ਮੀਲ-ਪੱਥਰ ਹੈ। ਉਮੀਦ ਹੈ ਕਿ ਰੰਗਮੰਚ ਦੀ ਇਹ ਸਰਗਰਮੀ ਇਸੇ ਲੀਹੇ 'ਤੇ ਵਿਕਾਸ ਕਰੇਗੀ।